## ਤੁਸੀਂ ਸਕੂਲ ਵੱਲੋਂ ਕਿਸੇ ਵਿੱਦਿਅਕ ਯਾਤਰਾ 'ਤੇ ਗਏ ਸੀ । ਇੱਕ ਪੱਤਰ ਰਾਹੀਂ ਆਪਣੇ ਅਨੁਭਵ ਆਪਣੇ ਰਿਸ਼ਤੇਦਾਰ ਨਾਲ ਸਾਂਝੇ ਕਰੋ ।

ਪ੍ਰੀਖਿਆ ਭਵਨ,

--------ਸ਼ਹਿਰ।

4 ਨਵੰਬਰ 2020,

ਸਤਿਕਾਰਯੋਗ ਮਾਮਾ ਜੀ ,

ਸਤਿ ਸ੍ਰੀ ਅਕਾਲ ।

ਪਿਆਰੇ ਮਾਮਾ ਜੀ ਅਸੀਂ ਸਾਰੇ ਇਥੇ ਰਾਜ਼ੀ- ਖੁਸ਼ੀ ਹਾਂ ਅਤੇ ਆਸ ਕਰਦੀ ਹਾਂ ਕਿ ਤੁਸੀਂ ਵੀ ਸਾਰੇ ਰਾਜ਼ੀ- ਖੁਸ਼ੀ ਹੋਵੋਗੇ। ਮਾਮਾ ਜੀ,ਪਿਛਲੇ ਹਫਤੇ ਅਸੀਂ ਸਕੂਲ ਵੱਲੋਂ ਵਿਦਿਅਕ ਯਾਤਰਾ ਟੂਰ ਤੇ ਤਾਜ ਮਹੱਲ ਦੇਖਣ ਗਏ ਸੀ । ਇਸ ਸੰਬੰਧੀ ਮੈਂ ਆਪਣੇ ਅਨੁਭਵ ਤੁਹਾਡੇ ਨਾਲ ਸਾਂਝੇ ਕਰਨਾ ਚਾਹੁੰਦੀ ਹਾਂ । ਸਾਡੀ ਵਿੱਦਿਅਕ ਯਾਤਰਾ ਦੀ ਅਗਵਾਈ ਸਾਡੀ ਜਮਾਤ ਇੰਚਾਰਜ ਸ੍ਰੀਮਤੀ ਜਗਨੂਪ ਕੌਰ ਜੀ ਕਰ ਰਹੇ ਸਨ । ਉਹਨਾਂ ਨੇ ਸਾਨੂੰ ਦੱਸਿਆ ਕਿ ਇਤਿਹਾਸਿਕ ਸਥਾਨਾਂ ਦੀ ਯਾਤਰਾ ਦੀ ਵਿਦਿਆਰਥੀ ਜੀਵਨ ਵਿੱਚ ਬਹੁਤ ਮਹੱਤਤਾ ਹੈ । ਇਸ ਨਾਲ ਜਿੱਥੇ ਵਿਦਿਆਰਥੀ ਦੇ ਗਿਆਨ ਵਿੱਚ ਵਾਧਾ ਹੁੰਦਾ ਹੈ , ਉੱਥੇ ਉਸਦਾ ਕਿਤਾਬੀ ਪੜ੍ਹਾਈ ਨਾਲ ਥੱਕਿਆ ਦਿਮਾਗ ਵੀ ਤਾਜ਼ਾ ਹੋ ਜਾਂਦਾ ਹੈ ।

ਅਸੀਂ ਸਵੇਰੇ ਸੱਤ ਵਜੇ ਬੱਸ ਤੇ ਸਵਾਰ ਹੋ ਗਏ ਤੇ ਰਾਤ ਵੇਲੇ ਆਗਰੇ ਪਹੁੰਚ ਗਏ।ਸਭ ਤੋਂ ਪਹਿਲਾਂ ਅਸੀਂ ਰਾਤ ਨੂੰ ਹੋਸਟਲ ਵਿੱਚ ਰਹਿਣ ਦਾ ਪ੍ਰਬੰਧ ਕੀਤਾ । ਰਾਤ ਪਈ ਤਾਂ ਅਸੀਂ ਤਾਜ ਮਹੱਲ ਦੇਖਣ ਲਈ ਚਲ ਪਏ । ਰਾਤ ਚਾਨਣੀ ਸੀ । ਸਭ ਤੋਂ ਪਹਿਲਾਂ ਅਸੀਂ ਇੱਕ ਦਰਵਾਜ਼ੇ ਰਾਹੀ ਅੰਦਰ ਦਾਖਲ ਹੋਏ । ਅੱਖਾਂ ਸਾਹਮਣੇ ਇੱਕ ਅਜਿਹਾ ਅਜੂਬਾ ਦਿਖਾਈ ਦੇਣ ਲੱਗਾ , ਜਿਵੇਂ ਕੋਈ ਸਵਰਗ ਹੋਵੇ । ਬਹੁਤ ਸਾਰੇ ਯਾਤਰੀ ਬੈਂਚਾਂ ਉੱਤੇ ਬੈਠ ਕੇ ਤਾਜ ਮਹੱਲ ਦੀ ਸੁੰਦਰਤਾ ਦਾ ਆਨੰਦ ਮਾਣ ਰਹੇ ਸਨ । ਫਿਰ ਸਾਡੀ ਅਧਿਆਪਕਾ ਨੇ ਸਾਨੂੰ ਤਾਜ ਮਹੱਲ ਦੇ ਇਤਿਹਾਸਿਕ ਪਿਛੋਕੜ ਬਾਰੇ ਦੱਸਿਆ ਕਿ ਤਾਜ ਮਹੱਲ ਇੱਕ ਮਕਬਰਾ ਹੈ ਤੇ ਇਹ ਮੁਗਲ ਸ਼ਹਿਨਸ਼ਾਹ ਸ਼ਾਹ ਜਹਾਨ ਨੇ ਆਪਣੀ ਪਿਆਰੀ ਬੇਗਮ ਮੁਮਤਾਜ ਦੀ ਯਾਦ ਵਿੱਚ ਬਣਵਾਇਆ ਸੀ । ਮੁਮਤਾਜ ਨੇ ਮਰਨ ਸਮੇਂ ਇੱਛਾ ਪ੍ਰਗਟ ਕੀਤੀ ਸੀ ਕਿ ਬਾਦਸ਼ਾਹ ਉਸ ਦੀ ਯਾਦ ਵਿੱਚ ਅਜਿਹਾ ਮਕਬਰਾ ਬਣਵਾਏ , ਜਿਸ ਦੀ ਮਿਸਾਲ ਦੁਨੀਆਂ ਵਿੱਚ ਨਾ ਮਿਲ ਸਕੇ । ਸੋ ਸਾਰੀ ਇਮਾਰਤ ਚਿੱਟੇ ਸੰਗਮਰਮਰ ਦੀ ਬਣੀ ਹੋਈ ਹੈ । ਇਸ ਨੂੰ ਵੀਹ ਹਜ਼ਾਰ ਮਜ਼ਦੂਰਾਂ ਨੇ ਰਾਤ - ਦਿਨ ਕੰਮ ਕਰਕੇ ਵੀਹ ਸਾਲਾਂ ਵਿੱਚ ਪੂਰਾ ਕੀਤਾ ਸੀ ਤੇ ਇਸ ਉੱਤੇ ਕਈ ਕਰੋੜਾਂ ਰੁਪਏ ਖਰਚ ਹੋਏ ਸਨ । ਫਿਰ ਅਸੀ ਮੁਮਤਾਜ ਤੇ ਸ਼ਾਹ ਜਹਾਨ ਦੀਆਂ ਕਬਰਾਂ ਦੇਖੀਆਂ । ਦਰਵਾਜ਼ਿਆਂ ਦੀਆਂ ਕੰਧਾਂ ਤੇ ਕੁਰਾਨ ਸ਼ਰੀਫ ਦੀਆਂ ਆਇਤਾਂ ਉਕਰੀਆਂ ਹੋਈਆਂ ਸਨ । ਇਸ ਤਰ੍ਹਾਂ ਅਸੀਂ ਸਾਰਿਆਂ ਨੇ ਤਾਜ ਮਹੱਲ ਘੁੰਮ ਫਿਰ ਕੇ ਦੇਖਿਆ । ਇਮਾਰਤ ਨੂੰ ਬਣਿਆ ਭਾਵੇਂ ਸਾਢੇ ਤਿੰਨ ਸੌ ਸਾਲ ਬੀਤ ਗਏ ਹਨ , ਪਰ ਇਸ ਦੀ ਸੁੰਦਰਤਾ ਵਿੱਚ ਅਜੇ ਤੱਕ ਕੋਈ ਫਰਕ ਨਹੀਂ ਪਿਆ । ਅਗਲੇ ਦਿਨ ਅਸੀਂ ਫਤਿਹਪੁਰ

ਸੀਕਰੀ ਦੀਆਂ ਅਦਭੁਤ ਇਮਾਰਤਾਂ ਦੇਖੀਆਂ । ਸ਼ਾਮ ਨੂੰ ਅਸੀ ਘਰ ਵਾਪਸ ਆ ਗਏ । ਮਾਮਾ ਜੀ ਜਦੋਂ ਦਾ ਮੈਂ ਇਸ ਅਜੂਬੇ ਨੂੰ ਦੇਖ ਕੇ ਆਈ ਹਾਂ , ਉਦੋਂ ਦਾ ਮੇਰਾ ਮਨ ਇਸ ਬਾਰੇ ਸੋਚ ਕੇ ਆਨੰਦ ਤੇ ਖੁਸ਼ੀ ਨਾਲ ਭਰਪੂਰ ਰਹਿੰਦਾ ਹੈ । ਜਿਸ ਨੂੰ ਮੈਂ ਤੁਹਾਡੇ ਨਾਲ ਚਿੱਠੀ ਰਾਹੀਂ ਸਾਂਝਾ ਕਰ ਦਿੱਤਾ ਹੈ । ਮੇਰੇ ਵੱਲੋਂ ਮਾਮੀ ਜੀ ਨੂੰ ਸਤਿ ਸ੍ਰੀ ਆਕਾਲ ।

ਆਪ ਜੀ ਦੀ ਭਾਣਜੀ,

ਹਰਜਿੰਦਰ ਕੌਰ


ਤਿਆਰ ਕਰਤਾ:

1. ਹਰਜਿੰਦਰ ਕੌਰ,(ਪੰਜਾਬੀ ਮਿਸਟ੍ਰੈਸ)

ਸ.ਹ.ਸਕੂਲ,ਹਕੀਮਾਂਵਾਲਾ,ਅੰਮ੍ਰਿਤਸਰ।

2. ਜਗਨੂਪ ਕੌਰ,(ਪੰਜਾਬੀ ਮਿਸਟ੍ਰੈਸ)

ਸ.ਕੰ.ਹ.ਸਕੂਲ,ਭਗਤਾਂਵਾਲਾ,ਅੰਮ੍ਰਿਤਸਰ।